# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

## ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ),
ਪੰਜਾਬ।

ਮੀਮੋ ਨੰ:4/27-SSA Plng/AWP&B 2010-11/55815-55834 ਮਿਤੀ, ਚੰਡੀਗੜ੍ਹ: 01.09.2010

**ਵਿਸ਼ਾ:** **ਸਾਲ 2009-10 ਤੱਕ ਦੀ ਅਣਵਰਤੀ ਟੀ.ਐਲ.ਐਮ. ਗਰਾਂਟ ਸਬੰਧੀ ਗਾਈਡਲਾਈਨਜ਼।**

1.0 ਮਹੀਨਾਵਾਰ ਰਿਵਿਊ ਮੀਟਿੰਗ ਦੌਰਾਨ ਆਪ ਵੱਲੋਂ ਇਹ ਦੱਸਿਆ ਗਿਆ ਸੀ ਕਿ ਕੁੱਝ ਅਧਿਆਪਕਾਂ ਦੇ ਲੰਮੀ ਛੁੱਟੀ ਤੇ ਹੋਣ ਜਾਂ ਰਿਟਾਇਰ ਹੋ ਜਾਣ ਕਾਰਨ ਸਾਲ 2009-10 ਤੱਕ ਦੀ ਟੀ.ਐਲ.ਐਮ ਗਰਾਂਟ ਵਿਚੋਂ ਕੁੱਝ ਰਾਸ਼ੀ ਅਣਵਰਤੀ ਪਈ ਹੈ।

2.0 ਆਪ ਸਭ ਇਸ ਗੱਲ ਨਾਲ ਚੰਗੀ ਤਰ੍ਹਾਂ ਜਾਣੂ ਹੋ ਕਿ ਟੀ.ਐਲ.ਐਮ ਗਰਾਂਟ ਦਾ ਮੁੱਖ ਮਕਸਦ ਅਧਿਆਪਕ ਵੱਲੋਂ ਉਸਦੀ ਪੜ੍ਹਾਉਣ ਪ੍ਰਕਿਰਿਆ ਨੂੰ ਪ੍ਰਭਾਵਿਤ ਅਤੇ ਦਿਲਚਸਪ ਬਣਾਉਣਾ ਹੈ।

3.0 ਇਸ ਦੇ ਨਾਲ ਹੀ ਆਪ ਨੂੰ ਇਹ ਵੀ ਪਤਾ ਹੈ ਕਿ ਅਧਿਆਪਕਾਂ ਦੇ ਨਾਲ-ਨਾਲ ਸਮੂਹ ਜ਼ਿਲ੍ਹਿਆਂ ਵਿਚ ਐਜੂਕੇਸ਼ਨ ਵਲੰਟੀਅਰ ਵੀ ਭਾਰੀ ਮਾਤਰਾ ਵਿਚ ਕੰਮ ਕਰ ਰਹੇ ਹਨ।

4.0 ਇਸ ਪੱਤਰ ਰਾਹੀਂ ਆਪ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਅਣਵਰਤੀ ਟੀ.ਐਲ.ਐਮ ਗਰਾਂਟ ਇਨ੍ਹਾਂ ਐਜੂਕੇਸ਼ਨ ਵਲੰਟੀਅਰਜ਼ ਨੂੰ ਮੁਹੱਈਆ ਕਰਵਾ ਕੇ ਇਸ ਦੀ ਉਚਿਤ ਵਰਤੋਂ ਕਰਵਾਈ ਜਾਵੇ।

5.0 ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਗਰਾਂਟ ਦੀ ਵਰਤੋਂ ਸਕੂਲ ਵਿਦਿਆਰਥੀਆਂ ਲਈ ਟੀ.ਐਲ.ਐਮ ਬਣਾਉਣ ਅਤੇ ਵਰਤਣ ਲਈ ਹੀ ਕੀਤੀ ਜਾਵੇ।

ਸਹੀ/-

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

ਪਿਠਅੰਕਣ ਨੰ:4/27-SSA Plng/AWP&B 2010-11/55835-55854 ਮਿਤੀ: 01.09.2010

ਇਸ ਦਾ ਉਤਾਰਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/-

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**